

# ਕੈਲੀਫੋਰਨੀਆ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਨੂੰ ਹੋਰ ਵਧਾਉਣਾ

## ਕੈਲੀਫੋਰਨੀਆ ਦੀ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਕਾਰਜਕਾਰੀ ਦਲ ਦੀਆਂ ਸਿਫ਼ਾਰਿਸ਼ਾਂ

### ਰਿਪੋਰਟ ਦਾ ਸਾਰ

ਅੰਗਰੇਜ਼ੀ ਵਿੱਚ ਪੂਰੀ ਰਿਪੋਰਟ ਅਤੇ ਕਈ ਭਾਸ਼ਾਵਾਂ ਵਿੱਚ ਰਿਪੋਰਟ ਦਾ ਸਾਰ ਔਨਲਾਈਨ ਇੱਥੇ ਉਪਲਬਧ ਹੈ: **bit.ly/ALETF-about**



ਸੈਨ ਡੀਏਗੋ ਵਿੱਚ ਟਿਹੁਆਨਾ ਰਿਵਰ ਵੈਲੀ ਇਨਕਿਊਬੇਟਰ ਪਲਾਟਾਂ ਵਿਖੇ ਸਾਈਟ ਦੌਰੇ ਦੇ ਮੇਜ਼ਬਾਨ ਅਤੇ ਕਾਰਜਕਾਰੀ ਦਲ ਮੈਂਬਰ ਥੀਆ ਰਿਟਨਹਾਊਸ



ਹੁਕਾਮਾ ਫਾਰਮ ਦੇ ਮਾਲਕ ਅਤੇ ਕਾਰਜਕਾਰੀ ਦਲ ਦੇ ਮੈਂਬਰ ਰੂਥ ਡਾਹਲਕੁਇਸਟ ਅਤੇ ਆਈਰੀਨ ਡੇਅ ਬਰਾਇਕੁਆ, ਰਾਮੋਨਾ  ਦੇ ਹੁਕਾਮਾ ਫਾਰਮ 'ਤੇ



ਫਾਰਮ ਮਾਲਕ, ਕਾਰਜਕਾਰੀ ਦਲ ਦੇ ਮੈਂਬਰ ਕੀ-ਜੋਊ ਅਤੇ ਨੈਥੇਨੀਅਲ ਬਰਾਊਨ, ਅਤੇ ਸਹਾਇਕ ਸਟਾਫ਼, ਗਿਲਰੋਏ ਵਿੱਚ ਇੱਕ ਗ੍ਰੀਨਹਾਊਸ ਵਿਖੇ



ਕਾਰਜਕਾਰੀ ਦਲ ਦੇ ਚੇਅਰ ਨੈਲਸਨ ਹੌਕਿਨਜ਼, ਐਲੈਨਸਵਰਥ ਵਿੱਚ TAC ਫਾਰਮ ਦੇ ਮਾਲਕ ਨਾਲ




ਕਾਰਜਕਾਰੀ ਦਲ ਦੇ ਮੈਂਬਰ ਅਤੇ ਸਾਈਟ ਦੌਰੇ ਦੇ ਮੇਜ਼ਬਾਨ, ਬਲੂ ਲੇਕ ਵਿੱਚ ਬਲੂ ਲੇਕ ਰਾਂਚੇਰੀਆ ਡਾਲੁਵੀਵੀ ਕਮਿਊਨਿਟੀ ਗਾਰਡਨ 'ਤੇ



ਫ੍ਰੈਜ਼ਨੋ ਵਿੱਚ ਡ੍ਰੀਮ ਫਾਰਮ

# ਸਮੀਖਿਆ

## ਕੈਲੀਫੋਰਨੀਆ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਨੂੰ ਫੌਰਨ ਹੱਲ ਕੀਤੇ ਜਾਣ ਦੀ ਲੋੜ ਹੈ।

ਕਈ ਦਹਾਕਿਆਂ ਤੋਂ, ਕਈ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਨੂੰ ਨਸਲ, ਜਾਤੀ, ਲਿੰਗ, ਵਰਗ ਅਤੇ ਨਾਗਰਿਕਤਾ ਦਰਜੇ ਸਮੇਤ ਹੋਰ ਕਾਰਨਾਂ ਦੇ ਅਧਾਰ 'ਤੇ ਖੇਤੀਬਾੜੀ ਵਾਲੀ ਜ਼ਮੀਨ ਦੀ ਮਲਕੀਅਤ ਅਤੇ ਇਸ 'ਤੇ ਕਬਜ਼ਾ ਬਣਾਈ ਰੱਖਣ ਤੋਂ ਪ੍ਰਣਾਲੀਗਤ ਤੌਰ 'ਤੇ ਬਾਹਰ ਰੱਖਿਆ ਗਿਆ ਹੈ। ਅੱਜ, ਇਸਦੇ ਨਤੀਜੇ ਵਜੋਂ ਮਲਕੀਅਤ ਅਤੇ ਖੇਤੀਬਾੜੀ ਵਾਲੀ ਜ਼ਮੀਨ ਤੱਕ ਸੁਰੱਖਿਅਤ ਪਹੁੰਚ ਵਿੱਚ ਅਸਮਾਨਤਾਵਾਂ ਵੱਧ ਰਹੀਆਂ ਹਨ, ਜੋ ਕਿ ਜ਼ਮੀਨ ਦੇ ਏਕੀਕਰਨ ਹੋਣ, ਵਿੱਤੀਕਰਨ, ਮੌਸਮ ਵਿੱਚ ਬਦਲਾਅ ਅਤੇ ਬੋਝਕਾਰੀ ਨਿਯਮਾਂ ਨਾਲ ਹੋਰ ਵਿਗੜ ਗਈਆਂ ਹਨ। ਕੈਲੀਫੋਰਨੀਆ ਦੀ 'ਖੇਤੀਬਾੜੀ ਵਾਲੀ ਜ਼ਮੀਨ' ਬਹੁਤ ਘੱਟ ਜ਼ਮੀਨ ਮਾਲਕਾਂ ਵਿੱਚ ਬਹੁਤ ਜ਼ਿਆਦਾ ਕੇਂਦ੍ਰਿਤ ਹੈ ਅਤੇ ਨਿੱਜੀ ਨਿਵੇਸ਼ ਫਰਮਾਂ ਦੁਆਰਾ ਭੋਜਨ, ਸੱਭਿਆਚਾਰਕ ਸਰੋਤਾਂ ਅਤੇ ਭਾਈਚਾਰਕ ਲਾਭਾਂ ਦੇ ਸਰੋਤ ਵਜੋਂ ਵਰਤਣ ਦੀ ਬਜਾਏ 'ਮੁਨਾਫ਼ਾ ਕਮਾਉਣ' ਲਈ ਵਰਤੀ ਜਾ ਰਹੀ ਹੈ। ਇਹ ਸਥਿਤੀਆਂ ਇਕੱਠੇ ਮਿਲ ਕੇ ਖੇਤੀਬਾੜੀ ਕਰਨ ਵਾਲੇ ਸਮੁਦਾਇਆਂ ਅਤੇ ਰਾਜ ਦੀ ਵਾਤਾਵਰਣ ਸੰਬੰਧੀ ਅਤੇ ਆਰਥਿਕ ਲਚਕੀਲਤਾ ਲਈ ਨਕਾਰਾਤਮਕ ਪ੍ਰਭਾਵ ਪੈਦਾ ਕਰਦੀਆਂ ਹਨ।

ਕੈਲੀਫੋਰਨੀਆ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਕਾਰਜਕਾਰੀ ਦਲ ਨੂੰ 2022 ਦੇ ਕੈਲੀਫੋਰਨੀਆ ਬਜਟ ਐਕਟ (AB 179) ਵਿੱਚ ਇੱਕ ਸੁਤੰਤਰ ਸੰਸਥਾ ਵਜੋਂ ਸਥਾਪਿਤ ਕੀਤਾ ਗਿਆ ਸੀ, ਤਾਂ ਜੋ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਦੇ ਸੰਕਟ ਨੂੰ ਹੱਲ ਕਰਨ ਲਈ ਗਵਰਨਰ ਅਤੇ ਵਿਧਾਨ ਸਭਾ ਨੂੰ ਨੀਤੀ ਸੰਬੰਧੀ ਸਿਫ਼ਾਰਿਸ਼ਾਂ ਦਿੱਤੀਆਂ ਜਾ ਸਕਣ। ਅਕਤੂਬਰ 2023 ਤੋਂ ਦਸੰਬਰ 2025 ਤੱਕ, ਕਾਰਜਕਾਰੀ ਦਲ ਨੇ ਇੱਕ ਸਹਿਯੋਗੀ ਜਨਤਕ ਪ੍ਰਕਿਰਿਆ ਰਾਹੀਂ ਸਿਫ਼ਾਰਿਸ਼ਾਂ ਵਿਕਸਿਤ ਕੀਤੀਆਂ, ਜਿਸ ਵਿੱਚ 12 ਜਨਤਕ ਮੀਟਿੰਗਾਂ ਅਤੇ ਕੈਲੀਫੋਰਨੀਆ ਭਰ ਵਿੱਚ ਵਿਆਪਕ ਸਮੁਦਾਇਕ ਸਹਿਭਾਗਿਤਾ ਸ਼ਾਮਲ ਸੀ। 400 ਤੋਂ ਵੱਧ ਉਤਪਾਦਕਾਂ, ਕੈਲੀਫੋਰਨੀਆ ਦੇ ਅਮਰੀਕੀ ਮੂਲ- ਨਿਵਾਸੀ ਕਾਬਿਲਿਆ ਦੇ ਮੁਖੀਆਂ ਅਤੇ ਮੈਂਬਰਾਂ, ਅਤੇ ਹੋਰ ਲੋਕਾਂ ਨੇ ਬਹੁਭਾਸ਼ੀ ਗਤੀਵਿਧੀਆਂ ਵਿੱਚ ਹਿੱਸਾ ਲਿਆ, ਜਿਸ ਵਿੱਚ ਸ਼ਮੂਲੀਅਤ ਸੈਸ਼ਨ, ਸਾਈਟ ਦਾ ਦੌਰਾ, ਸਰਵੇਖਣ, ਅਤੇ ਮਹਿਮਾਨਾਂ ਦੀਆਂ ਪੇਸ਼ਕਾਰੀਆਂ ਸ਼ਾਮਲ ਸਨ।

ਕਾਰਜਕਾਰੀ ਦਲ ਦੀ ਅੰਤਿਮ ਰਿਪੋਰਟ, ਜੋ ਦਸੰਬਰ 2025 ਵਿੱਚ ਜਮਾਂ ਕਿਤੀ ਗਈ ਸੀ ਉਸ ਵਿੱਚ ਕੈਲੀਫੋਰਨੀਆ ਦੀ ਜ਼ਮੀਨ ਤੱਕ ਪਹੁੰਚ ਕਰਨ ਲਈ ਵਿੱਚ ਇਤਿਹਾਸਕ ਅਤੇ ਆਧੁਨਿਕ ਅਸਮਾਨਤਾਵਾਂ ਦੀ ਚਰਚਾ ਕੀਤੀ ਗਈ ਹੈ ਅਤੇ ਰਾਜ ਦੇ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਦੇ ਸੰਕਟ ਨੂੰ ਹੱਲ ਕਰਨ ਲਈ ਨੀਤੀ ਸੰਬੰਧੀ ਸਿਫ਼ਾਰਿਸ਼ਾਂ ਕੀਤੀਆਂ ਗਈਆਂ ਹਨ। ਇਹ ਸਿਫ਼ਾਰਿਸ਼ਾਂ ਇਹ ਯਕੀਨੀ ਬਣਾਉਣ ਦੇ ਰਾਹ ਦਰਸਾਉਂਦੀਆਂ ਹਨ ਕਿ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਕੋਲ ਸੁਰੱਖਿਅਤ, ਸਸਤੀ, ਅਤੇ ਉਪਜਾਊ ਜ਼ਮੀਨ ਹੋਵੇ, ਜਿਸ 'ਤੇ ਬਿਨਾਂ ਕਿਸੇ ਪ੍ਰਣਾਲੀਗਤ ਰੁਕਾਵਟ, ਅਸਮਾਨਤਾ, ਜਾਂ ਸ਼ੋਸ਼ਣ ਦੇ ਖਾਦ, ਰੇਸ਼ਾ, ਦਵਾਈਆਂ, ਅਤੇ ਸਭਿਆਚਾਰਕ ਸਾਧਨਾਂ ਦੀ ਪ੍ਰਬੰਧਕੀ ਅਤੇ ਖੇਤੀ ਕੀਤੀ ਜਾ ਸਕੇ।

## ਸਿਫ਼ਾਰਿਸ਼ਾਂ ਨੂੰ ਛੇ ਭਾਗਾਂ ਵਿੱਚ ਵੰਡਿਆ ਗਿਆ ਹੈ:

- **ਕਬਾਇਲੀ ਪ੍ਰਬੰਧਕੀ ਅਤੇ ਜ਼ਮੀਨ ਵਾਪਸੀ ਨੂੰ ਪਹਿਲ ਦੇਣਾ।**
- **ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਲਈ ਜ਼ਮੀਨ ਖਰੀਦਣ ਦੀ ਪੂੰਜੀ ਅਤੇ ਉਤਸ਼ਾਹਿਤ ਕਰਨਾ।**
- **ਖੇਤੀਬਾੜੀ ਦੀ ਜ਼ਮੀਨ ਦੇ ਏਕੀਕਰਨ ਨੂੰ ਰੋਕਣਾ, ਘਟਾਉਣਾ ਅਤੇ ਵਾਪਸ ਕਰਨਾ।**
- **ਕੈਲੀਫੋਰਨੀਆ ਦੀ ਖੇਤੀਬਾੜੀ ਦੀ ਜ਼ਮੀਨ ਦੀ ਸਾਂਭ -ਸੰਭਾਲ ਕਰਨਾ ਅਤੇ ਜ਼ਮੀਨ ਤੱਕ ਸਮਾਨਤਕ ਪਹੁੰਚ ਅਤੇ ਪ੍ਰਬੰਧ ਨੂੰ ਪਹਿਲ ਦੇਣਾ।**
- **ਜ਼ਮੀਨ ਦੇ ਸੁਰੱਖਿਅਤ ਕਬਜ਼ੇ ਨੂੰ ਪਹਿਲ ਦੇਣਾ ਅਤੇ ਸੁਰੱਖਿਅਤ ਕਰਨਾ।**
- **ਸ਼ਹਿਰੀ ਖੇਤੀਬਾੜੀ ਦਾ ਸਮਰਥਨ ਕਰਨਾ।**

ਇਨ੍ਹਾਂ ਸਿਫ਼ਾਰਿਸ਼ਾਂ ਨੂੰ ਲਾਗੂ ਕਰਨ ਨਾਲ ਸਾਰੇ ਕੈਲੀਫੋਰਨੀਆ ਵਾਸੀਆਂ ਨੂੰ ਫਾਇਦਾ ਹੋ ਸਕਦਾ ਹੈ, ਕਿਉਂਕਿ ਇਸ ਨਾਲ ਇੱਕ ਜ਼ਿਆਦਾ ਲਚਕੀਲੀ ਅਤੇ ਨਿਰਪੱਖ ਭੋਜਨ ਪ੍ਰਣਾਲੀ ਵਿਕਸਿਤ ਹੋਵੇਗੀ, ਇਹ ਸਥਾਨਕ ਅਤੇ ਵੱਖ-ਵੱਖ ਭੋਜਨ ਅਰਥ ਵਿਵਸਥਾਵਾਂ ਨੂੰ ਮਜ਼ਬੂਤ ਕਰੇਗਾ, ਅਤੇ ਸਿਹਤਮੰਦ ਕੁਦਰਤੀ ਅਤੇ ਕਾਰਜਸ਼ੀਲ ਜ਼ਮੀਨਾਂ ਨੂੰ ਸਥਿਰ ਰੱਖੇਗਾ।



ਸੈਨ ਡੀਏਗੋ ਵਿੱਚ ਐਪਲਾਈ
ਟ੍ਰਾਇਬ ਫਾਰਮ ਐਂਡ ਗਾਰਡਨ

# ਮੁੱਖ ਸ਼ਬਦ

## ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ

ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਤਾਂ ਹੁੰਦੀ ਹੈ ਜਦੋਂ ਮੁੱਖ ਉਤਪਾਦਕ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਕੋਲ ਸੁਰੱਖਿਅਤ, ਸਸਤੀ, ਅਤੇ ਉਪਜਾਊ ਜ਼ਮੀਨ ਹੋਵੇ, ਜਿਸ 'ਤੇ ਬਿਨਾਂ ਕਿਸੇ ਪ੍ਰਣਾਲੀਗਤ ਰੁਕਾਵਟ, ਅਸਮਾਨਤਾ, ਜਾਂ ਸ਼ੋਸ਼ਣ ਦੇ ਖਾਦ, ਰੇਸ਼ਾ, ਦਵਾਈਆਂ, ਅਤੇ ਸਭਿਆਚਾਰਕ ਸਾਧਨਾਂ ਦੀ ਪ੍ਰਬੰਧਕੀ ਅਤੇ ਖੇਤੀ ਕੀਤੀ ਜਾ ਸਕੇ।

## ਮੁੱਖ ਉਤਪਾਦਕ ਅਤੇ ਕਬਾਇਲੀ ਜ਼ਮੀਨ ਦੇ ਰਖਵਾਲੇ

ਉਹ ਲੋਕ ਜਿਨ੍ਹਾਂ ਨੂੰ ਇਤਿਹਾਸਕ ਅਤੇ ਪ੍ਰਣਾਲੀਗਤ ਤੌਰ 'ਤੇ ਖੇਤੀਬਾੜੀ ਅਤੇ ਪਰੰਪਰਾਗਤ ਕਾਬਿਇਲੀ ਉਪਯੋਗ ਲਈ ਜ਼ਮੀਨ ਦੀ ਮਲਕੀਅਤ ਅਤੇ ਸੁਰੱਖਿਅਤ ਕਾਰਜਕਾਲ ਤੋਂ ਬਾਹਰ ਰੱਖਿਆ ਗਿਆ। ਇਸ ਸਮੂਹ ਵਿੱਚ ਉਹ ਵਿਅਕਤੀ ਵੀ ਸ਼ਾਮਲ ਹਨ, ਜੋ ਸਮਾਜਿਕ ਤੌਰ 'ਤੇ ਪਛੜੇ ਕਿਸਾਨਾਂ ਅਤੇ ਪਸ਼ੂ ਪਾਲਕਾਂ (**AB 1348**) ਅਤੇ ਅਸਮਰੱਥ ਉਤਪਾਦਕਾਂ ਵਜੋਂ ਪਛਾਣੇ ਜਾਂਦੇ ਹਨ (**H.R. 2**). ਇਸ ਵਿੱਚ ਫਾਰਮ ਤੇ ਕੰਮ ਕਰਨ ਵਾਲੇ ਅਤੇ ਉਹ ਵਿਅਕਤੀ ਵੀ ਸ਼ਾਮਲ ਹਨ ਜੋ ਆਪਣੀ ਖੁਦ ਦੀ ਖੇਤੀਬਾੜੀ ਕਰਨਾ ਸ਼ੁਰੂ ਕਰਨਾ ਚਾਹੁੰਦੇ ਹਨ।



ਪੌਮਾ ਵੈਲੀ ਵਿੱਚ ਪੌਮਾ ਟ੍ਰਾਇਬਲ ਫਾਰਮ

# 1. ਕਬਾਇਲੀ ਪ੍ਰਬੰਧਕੀ ਅਤੇ ਜ਼ਮੀਨ ਵਾਪਸੀ ਨੂੰ ਪਹਿਲ ਦੇਣਾ

ਸੰਘੀ ਅਤੇ ਗੈਰ-ਸੰਘੀ ਤੌਰ ‘ਤੇ ਮਾਨਤਾ ਪ੍ਰਾਪਤ ਕੈਲੀਫੋਰਨੀਆ ਦੇ ਮੂਲ-ਨਿਵਾਸੀ ਅਮਰੀਕੀ ਕਬੀਲਿਆਂ ਦਾ ਕੈਲੀਫੋਰਨੀਆ ਨਾਲ ਵਿਸ਼ੇਸ਼ ਇਤਿਹਾਸ ਅਤੇ ਸੰਬੰਧ ਰਿਹਾ ਹੈ, ਜਿਸ ਨਾਲ ਖੇਤੀਬਾੜੀ ਵਾਲੀ ਜ਼ਮੀਨ ਦੀ ਸਮਾਨਤਾ ਨੂੰ ਅੱਗੇ ਵਧਾਉਣ ਵਿੱਚ ਵਿਲੱਖਣ ਚੁਣੌਤੀਆਂ ਅਤੇ ਮੌਕੇ ਪੈਦਾ ਹੁੰਦੇ ਹਨ। ਕੈਲੀਫੋਰਨੀਆ ਦੀ ਸਥਾਪਨਾ ਮੂਲ ਨਿਵਾਸੀ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਅਤੇ ਜਲ-ਖੇਤਰ ਤੋਂ ਹਿੰਸਕ ਤੌਰ ‘ਤੇ ਹਟਾਉਣ, ਜੋਰ-ਜ਼ਬਰਦਸਤੀ, ਡਰਾਉਣਾ-ਧਮਕਾਉਣਾ ਅਤੇ ਨਸਲਕੁਸ਼ੀ ਦੇ ਆਧਾਰ ‘ਤੇ ਹੋਈ। ਗੈਰ-ਪ੍ਰਮਾਣਿਤ ਸੰਧੀਆਂ, ਫੌਜ ਰੂਪੀ ਮੁਹਿੰਮਾਂ ਅਤੇ ਭੇਦਭਾਵ ਪੂਰਨ ਕਾਨੂੰਨਾਂ ਨੇ ਕਬੀਲਿਆਂ ਨੂੰ ਜ਼ਮੀਨ ਰਹਿਤ ਅਤੇ ਕਾਨੂੰਨੀ ਅਧਿਕਾਰਾਂ ਤੋਂ ਸੱਖਣਾ ਕਰ ਦਿੱਤਾ।[1] ਅੱਜ, ਕਬੀਲਿਆਂ ਕੋਲ ਉਹ ਸੀਮਿਤ ਜ਼ਮੀਨ ਹੈ ਜੋ ਉਨ੍ਹਾਂ ਨੇ ਇਤਿਹਾਸਕ ਤੌਰ ‘ਤੇ ਸੰਭਾਲੀ ਸੀ, ਜਿਸ ਨਾਲ ਕਬੀਲਿਆਂ ਦੀ ਪ੍ਰਭੂਸਤਾ, ਸੱਭਿਆਚਾਰਕ ਰਿਵਾਜਾਂ ਅਤੇ ਵਾਤਾਵਰਣ ਸੰਬੰਧੀ ਪ੍ਰਬੰਧਕੀ ਸੀਮਿਤ ਹੋ ਗਈ ਹੈ।

ਕੈਲੀਫੋਰਨੀਆ ਦੇ ਮੂਲ-ਨਿਵਾਸੀ ਅਮਰੀਕੀ ਕਬੀਲਿਆਂ ਲਈ ਜ਼ਮੀਨ ਤੱਕ ਪਹੁੰਚ ਅਤੇ ਮਲਕੀਅਤ ਵਿੱਚ ਲਗਾਤਾਰ ਰੁਕਾਵਟਾਂ ਰਾਜ ਤੋਂ ਇੱਕ ਸੰਯੁਕਤ, ਲੰਬੇ ਸਮੇਂ ਦੀ ਵਚਨਬੱਧਤਾ ਅਤੇ ਕਾਰਵਾਈ ਦੀ ਮੰਗ ਕਰਦੀਆਂ ਹਨ। ਪੁਰਖਿਆਂ ਦੀ ਜ਼ਮੀਨ ਦੀ ਵਾਪਸੀ ਨਾਲ ਦਵਾਈਆਂ, ਪੇੜ-ਪੌਦੇ, ਜਾਨਵਰ ਅਤੇ ਸੱਭਿਆਚਾਰਕ ਸੋਮਿਆਂ ਤੱਕ ਪਹੁੰਚ ਮੁੜ ਮਿਲਦੀ ਹੈ, ਅਤੇ ਕਬੀਲਿਆਂ ਨੂੰ ਮੂਲ ਪ੍ਰਣਾਲੀਗਤ ਪਰਿਵਰਤਨ ਅਤੇ ਸਮਾਰੋਹਿਕ ਸਥਾਨਾਂ ਨੂੰ ਬਹਾਲ ਕਰਨ, ਮਿੱਟੀ ਦੀ ਸਿਹਤ ਨੂੰ ਸੁਧਾਰਨ ਅਤੇ ਜੀਵ ਵਭਿੰਨਤਾ ਵਧਾਉਣ ਵਿੱਚ ਸਹਾਇਤਾ ਮਿਲਦੀ ਹੈ।

ਕਬੀਲਿਆਂ ਦੀ ਪ੍ਰਭੂਸਤਾ ਦਾ ਸਤਿਕਾਰ ਕਰਨ ਲਈ, ਪੁਰਖਿਆਂ ਦੀ ਜ਼ਮੀਨ ਦੀ ਵਾਪਸੀ ਕੋਈ ਸੀਮਾ ਜਾਂ ਰੁਕਾਵਟ ਬਿਨਾਂ ਹੋਣੀ ਚਾਹੀਦੀ ਹੈ, ਅਤੇ ਇਸ ਵਿੱਚ ਕੈਲੀਫੋਰਨੀਆ ਦੇ ਮੂਲ-ਨਿਵਾਸੀ ਅਮਰੀਕੀ ਕਬੀਲਿਆਂ ਨਾਲ ਮਾਇਨੇਦਾਰ, ਲਗਾਤਾਰ ਸਲਾਹ-ਮਸ਼ਵਰਾ ਅਤੇ ਸੰਚਾਰ ਸ਼ਾਮਲ ਹੋਣਾ ਚਾਹੀਦਾ ਹੈ।

## ਸਿਫ਼ਾਰਿਸ਼ਾਂ

**1.1 ਪੁਰਖਿਆਂ ਦੀ ਜ਼ਮੀਨ ਦੀ ਵਾਪਸੀ ਲਈ ਇੱਕ ਪੂੰਜੀ ਦੀ ਸਥਾਪਨਾ ਕਰਨਾ।**

**1.2 ਕੈਲੀਫ਼ੋਰਨੀਆ ਦੇ ਮੂਲ-ਨਿਵਾਸੀ ਅਮਰੀਕੀ ਕਬੀਲਿਆਂ ਲਈ ਪੁਰਖਿਆਂ ਦੀ ਜ਼ਮੀਨ ਵਾਪਸੀ ਨੂੰ ਰਾਜ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਵਿੱਚ ਸ਼ਾਮਲ ਕਰਨਾ।**

**1.3 ਸਰਕਾਰੀ ਮਲਕੀਅਤ ਵਾਲੀ ਜ਼ਮੀਨ ਕੈਲੀਫ਼ੋਰਨੀਆ ਦੇ ਮੂਲ-ਨਿਵਾਸੀ ਅਮਰੀਕੀ ਕਬੀਲਿਆਂ ਨੂੰ ਵਾਪਸ ਕਰਨਾ।**

**1.4 ਰਵਾਇਤੀ ਵਾਤਾਵਰਨ ਸਬੰਧੀ ਗਿਆਨ ਅਤੇ ਸੱਭਿਆਚਾਰਕ ਰਿਵਾਜਾਂ ਨੂੰ  ਲਾਗੂ ਕਰਨ ਦੇ ਯੋਗ ਬਣਾਉਣਾ ਅਤੇ ਉਤਸ਼ਾਹਿਤ ਕਰਨਾ।**




# 2. ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਲਈ ਜ਼ਮੀਨ ਖਰੀਦਣ ਦੀ ਪੂੰਜੀ ਦੇਣੀ ਅਤੇ ਉਤਸ਼ਾਹਿਤ ਕਰਨਾ

2035 ਤੱਕ, ਨਿੱਜੀ ਮਲਕੀਅਤ ਵਾਲੀ ਖੇਤੀਬਾੜੀ ਦੀ ਜ਼ਮੀਨ ਦੀ 40% ਦੀ ਮਲਕੀਅਤ ਬਦਲੇਗੀ ਕਿਉਂਕਿ ਜ਼ਮੀਨ ਮਾਲਕ ਸੇਵਾ ਮੁਕਤ ਹੋ ਰਹੇ ਹਨ।[2] ਸਪਸ਼ਟ ਦੂਰਦਰਸ਼ੀ ਅਤੇ ਯੋਜਨਾ ਦੇ ਬਿਨਾਂ, ਇਹ ਤਬਦੀਲੀ ਖੇਤੀਬਾੜੀ ਵਾਲੀ ਜ਼ਮੀਨ ਤੱਕ ਮੌਜੂਦਾ ਅਸਮਾਨਤਾਵਾਂ ਨੂੰ ਹੋਰ ਵਿਗਾੜ ਸਕਦੀ ਹੈ। ਕੈਲੀਫੋਰਨੀਆ ਵਿੱਚ ਬਯਾਸੀ ਪ੍ਰਤੀਸ਼ਤ ਖੇਤੀਬਾੜੀ ਵਾਲੀ ਜ਼ਮੀਨ ਗੋਰੇ ਉਤਪਾਦਕਾਂ ਦੇ ਮਲਕੀਅਤ ਵਿੱਚ ਹੈ, ਜਦੋਂ ਕਿ ਸਾਰੀਆਂ ਹੋਰ ਨਸਲ ਅਤੇ ਜਾਤੀ ਸ਼੍ਰੇਣੀਆਂ ਮਿਲ ਕੇ ਬਾਕੀ 18% ਦੀ ਮਲਕੀਅਤ ਰੱਖਦੀਆਂ ਹਨ।[3]

ਇਤਿਹਾਸਕ ਬੇਇਨਸਾਫ਼ੀਆਂ—ਜਿਸ ਵਿੱਚ ਕਬੀਲਿਆਂ ਨੂੰ ਹਿੰਸਕ ਤੌਰ ਤੇ ਹਟਾਉਣ ਅਤੇ ਜ਼ਬਰਦਸਤੀ ਨਾਲ ਮਜ਼ਦੂਰੀ ਕਰਵਾਉਣ, ਅਫ਼ਰੀਕੀ ਅਮਰੀਕੀ ਲੋਕਾਂ ਤੋਂ ਨਸਲ-ਮੂਲਕ ਕਾਰਨਾਂ ਤੋਂ ਜ਼ਮੀਨ ਖੋਹਣਾ, ਜਾਪਾਨੀ ਅਮਰੀਕੀ ਲੋਕਾਂ ਨੂੰ ਜ਼ਬਰਦਸਤੀ ਕੈਦ ਕਰਨਾ, ਅਤੇ ਸ਼ੋਸ਼ਣ ਭਰੇ ਮਜ਼ਦੂਰੀ ਦੇ ਹਾਲਾਤ ਸ਼ਾਮਲ ਹਨ—ਜੋ ਅੱਜ ਵੀ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ 'ਤੇ ਪ੍ਰਭਾਵ ਪਾ ਰਹੀਆਂ ਹਨ, ਜਿਸ ਨਾਲ ਵਿੱਤ ਦਾ ਪ੍ਰਬੰਧਨ, ਤਕਨੀਕੀ ਸਹਾਇਤਾ, ਅਤੇ ਜ਼ਮੀਨ ਤੱਕ ਪਹੁੰਚ ਵਿੱਚ ਰੁਕਾਵਟਾਂ ਦਾ ਸਾਮ੍ਹਣਾ ਕਰਨ ਦੀ ਸੰਭਾਵਨਾ ਵੱਧ ਹੈ। ਖੇਤੀਬਾੜੀ ਵਾਲੀ ਜ਼ਮੀਨ ਦੀਆਂ ਕੀਮਤਾਂ, ਜੋ 2018 ਤੋਂ 28.3% ਤੱਕ ਵਧ ਗਈਆਂ ਹਨ, ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਲਈ ਮਲਕੀਅਤ ਪ੍ਰਾਪਤ ਕਰਨ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਵਿੱਚੋਂ ਇੱਕ ਹੈ।[4] ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਖਾਸ ਤੌਰ ਤੇ ਬਣਾਈ ਗਈ ਸਹਾਇਤਾ ਦੀ ਲੋੜ ਹੈ, ਜੋ ਸਿਰਫ਼ ਪਿਛਲੀ ਅਤੇ ਲਗਾਤਾਰ ਜਾਰੀ ਅਸਮਾਨਤਾਵਾਂ ਨੂੰ ਸਵੀਕਾਰ ਕਰਦੀ ਹੀ ਨਹੀਂ, ਬਲਕਿ ਸਮਾਧਾਨ ਲਾਗੂ ਕਰਨ ਵਿੱਚ ਵੀ ਸਹਾਇਕ ਹੋਵੇ।

## ਸਿਫ਼ਾਰਿਸ਼ਾਂ

**2.1 ਬਹਾਲ ਕਰਨ ਵਾਲੇ ਜ਼ਮੀਨ ਫੰਡ ਦੀ ਸਥਾਪਨਾ ਕਰਨਾ।**

**2.2 ਇੱਕ ਜਨਤਕ ਸਿੱਖਿਆ ਮੁਹਿੰਮ ਵਿਕਸਿਤ ਅਤੇ ਲਾਗੂ ਕਰਨਾ ਤਾਂ ਜੋ ਪਿਛਲੇ ਹੋਏ ਅਤੇ ਲਗਾਤਾਰ ਹੋਣ ਵਾਲੇ ਨੁਕਸਾਨ ਨੂੰ ਦਰਜ ਕੀਤਾ ਜਾ ਸਕੇ।**

**2.3 ਖੇਤੀਬਾੜੀ ਵਾਲੀ ਜ਼ਮੀਨ ਖਰੀਦਣ ਲਈ ਪੂੰਜੀ ਪ੍ਰਦਾਨ ਕਰਨਾ, ਜਿਸਨੂੰ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਨੂੰ ਲੀਜ਼ 'ਤੇ ਦਿੱਤਾ ਜਾਂਦਾ ਹੈ ਜਾਂ ਤਬਦੀਲ ਕੀਤਾ ਜਾਂਦਾ ਹੈ।**

**2.4 ਕਰਜ਼ਾ ਅਤੇ ਕਰਜ਼ ਮਾਫੀ ਪ੍ਰੋਗਰਾਮਾਂ ਦੀ ਸਥਾਪਨਾ ਕਰਨਾ।**

**2.5 ਨਵੇਂ ਟੈਕਸ ਪ੍ਰੋਗਰਾਮ ਅਤੇ ਫਾਇਦੇ ਅਪਨਾਉਣਾ ਜੋ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਦੀ ਸੇਵਾ ਕਰਨ ਲਈ ਬਣਾਏ ਗਏ ਹਨ।**

**2.6 ਪੂੰਜੀ ਦੇਣ ਵਾਲੇ ਅਤੇ ਉਤਸ਼ਾਹਿਤ ਕਰਨ ਵਾਲੇ ਪ੍ਰੋਗਰਾਮਾਂ ਦਾ ਲਗਾਤਾਰ ਮੁਲਾਂਕਣ ਅਤੇ ਸੁਧਾਰ ਕਰਨਾ।**

**2.7 ਜ਼ਮੀਨ ਤੱਕ ਪਹੁੰਚ ਅਤੇ ਖਰੀਦ ਲਈ ਵਿਸ਼ੇਸ਼ ਤਕਨੀਕੀ ਸਹਾਇਤਾ ਨੂੰ ਵਧਾਉਣਾ।**

*ਕੈਲੀਫੋਰਨੀਆ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਦੇ ਕੁੱਲ ਏਕੜ ਦਾ ਪ੍ਰਤੀਸ਼ਤ (2022)*[5]




*ਧਿਆਨ ਦਿਓ: ਜਾਤੀ ਦੀਆਂ ਸ਼੍ਰੇਣੀਆਂ "ਇੱਕਲੀ ਜਾਂ ਹੋਰ ਜਾਤੀਆਂ ਦੇ ਸਹਿ-ਮਿਲਾਪ ਵਿੱਚ" ਹਨ*




*ਸੈਂਟਾ ਮਾਰਿਆ ਵਿੱਚ ਸਟ੍ਰਾਬੈਰੀਆਂ ਦੀ ਫਸਲ ਕੱਟਣਾ*



ਰਮੋਨਾ ਵਿੱਚ ਹੁਕਾਮਾ ਫਾਰਮ

# 3. ਖੇਤੀਬਾੜੀ ਵਾਲੀ ਜ਼ਮੀਨ ਦੇ ਏਕੀਕਰਨ ਨੂੰ ਰੋਕਣਾ, ਘਟਾਉਣਾ ਅਤੇ ਵਾਪਸ ਕਰਨਾ।

ਖੇਤੀਬਾੜੀ ਵਾਲੀ ਜ਼ਮੀਨ ਅਤੇ ਮਹੱਤਵਪੂਰਨ ਕੁਦਰਤੀ ਸੋਮਿਆਂ ਦਾ ਏਕੀਕਰਨ ਅਤੇ ਵਿੱਤੀਕਰਨ ਖੇਤੀਬਾੜੀ ਵਾਲੀ ਜ਼ਮੀਨ ਤੱਕ ਅਸਮਾਨਤਕ ਪਹੁੰਚ ਦਾ ਇੱਕ ਮਹੱਤਵਪੂਰਨ ਕਾਰਕ ਹੈ। ਜਦੋਂ ਕਿ ਕੈਲੀਫੋਰਨੀਆ ਦੇ ਬਹੁਤਾਤ (2017 ਵਿੱਚ 63.5%) ਉਤਪਾਦਕ 50 ਏਕੜ ਜਾਂ ਇਸ ਤੋਂ ਘੱਟ ਜ਼ਮੀਨ 'ਤੇ ਕੰਮ ਕਰਦੇ ਹਨ, ਸਿਰਫ਼ 4.6% ਜ਼ਮੀਨ ਮਾਲਕ ਲਗਭਗ ਅੱਧੀ ਖੇਤੀਬਾੜੀ ਵਾਲੀ ਜ਼ਮੀਨ ਦੇ ਮਾਲਕ ਹਨ।[6]

ਪਿਛਲੇ ਦਹਾਕਿਆਂ ਵਿੱਚ ਖੇਤੀਬਾੜੀ ਜ਼ਮੀਨ ਦੀ ਇਕੱਠੀ ਮਲਕੀਅਤ ਵਿੱਚ ਵਾਧਾ ਵੇਖਿਆ ਗਿਆ ਹੈ। 2017 ਤੋਂ 2022 ਤੱਕ ਛੋਟੀ ਖੇਤਾਂ ਦੀ ਗਿਣਤੀ 13% ਘੱਟ ਹੋਈ, ਜਦੋਂ ਕਿ ਵੱਡੇ ਖੇਤਾਂ ਦੀ ਗਿਣਤੀ ਵਧੀ।[7] ਛੋਟੇ ਅਤੇ ਮੱਧ-ਆਕਾਰ ਦੇ ਖੇਤਾਂ ਦੀ ਥਾਂ ਘੱਟ, ਪਰ ਵੱਡੇ ਖੇਤਾਂ ਦੇ ਕੰਮਕਾਜਾਂ ਦੇ ਆਉਣ ਨਾਲ, ਸਮੁਦਾਇਆਂ ਨੂੰ ਆਰਥਿਕ, ਵਾਤਾਵਰਨ ਸੰਬੰਧੀ ਅਤੇ ਸਿਹਤ ਸੰਬੰਧੀ ਨਕਾਰਾਤਮਕ ਪ੍ਰਭਾਵ ਦਾ ਸਾਮ੍ਹਣਾ ਕਰਨਾ ਪੈਂਦਾ ਹੈ।

ਏਕੀਕਰਨ ਦੇ ਨਾਲ-ਨਾਲ, ਵਿੱਤੀਕਰਨ ਖੇਤੀਬਾੜੀ ਵਾਲੀ ਜ਼ਮੀਨ ਨੂੰ ਸੰਸਥਾਗਤ ਨਿਵੇਸ਼ਕਾਂ ਅਤੇ ਨਿੱਜੀ ਸਮਾਨਤਕ ਫਰਮਾਂ ਲਈ ਇੱਕ ਨਿਵੇਸ਼ ਸਾਧਨ ਵਿੱਚ ਬਦਲ ਦਿੰਦਾ ਹੈ, ਖੇਤੀਬਾੜੀ ਵਾਲੀ ਜ਼ਮੀਨ ਦਾ ਮੁੱਲ, ਭੋਜਨ, ਸੱਭਿਆਚਾਰਕ ਸਰੋਤਾਂ ਅਤੇ ਭਾਈਚਾਰਕ ਫਾਇਦਿਆਂ ਦੀ ਬਜਾਏ ਮੁਨਾਫ਼ਾ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

ਇਹ ਰੁਝਾਨ ਉਹ ਅਸਮਾਨਤਾਵਾਂ ਹੋਰ ਵਧਾਉਂਦੇ ਹਨ, ਜਿਸ ਕਰਕੇ ਸਦੀਆਂ ਤੋਂ ਚਲ ਰਹੀਆਂ ਭੇਦਭਾਵਪੂਰਨ ਨੀਤੀਆਂ ਦੇ ਕਾਰਨ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਤੋਂ ਜ਼ਮੀਨ ਅਤੇ ਪੀੜ੍ਹੀ ਦਰ ਪੀੜ੍ਹੀ ਦੀ ਦੌਲਤ ਛਿਨ ਗਈ।

## ਸਿਫ਼ਾਰਿਸ਼ਾਂ

**3.1 ਨਿਵੇਸ਼ਕ ਕੰਪਨੀਆਂ ਦੀ ਖੇਤੀਬਾੜੀ ਵਾਲੀ ਜ਼ਮੀਨ ਦੀ ਮਲਕੀਅਤ ਨੂੰ ਸੀਮਿਤ ਕਰਨਾ।**

**3.2 ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਲਈ ਜ਼ਮੀਨ ਖਰੀਦਣ ਦੇ ਮੌਕੇ ਲਈ ਸਥਾਨਕ ਪਹਿਲ ਦੇ ਅਧਿਕਾਰ ਵਿਕਸਿਤ ਕਰਨਾ।**

**3.3 ਕੈਲੀਫੋਰਨੀਆ ਦੇ ਉਤਪਾਦਕਾਂ ਲਈ ਸੇਵਾ ਮੁਕਤੀ ਤੇ ਪੈਨਸ਼ਨ ਦੀ ਸਥਾਪਨਾ ਕਰਨਾ।**

**3.4 ਇੱਕ ਲੈਂਡ ਮਾਰਕੇਟ ਮਾਨੀਟਰਿੰਗ ਪ੍ਰੋਗਰਾਮ ਸਥਾਪਿਤ ਕਰਨਾ ਅਤੇ ਉਸ ਲਈ ਪੂੰਜੀ ਦੇਣਾ।**

ਕੈਲੀਫੋਰਨੀਆ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਦੇ ਮਾਲਕਾਂ ਅਤੇ ਖੇਤੀਬਾੜੀ ਖੇਤਰ ਦੇ ਕੁੱਲ ਏਕੜ ਦੇ ਪ੍ਰਤੀਸ਼ਤ ਦੇ ਸੰਬੰਧ ਵਿੱਚ ਜ਼ਮੀਨ ਦਾ ਆਕਾਰ[8]




*2017 ਅਤੇ 2022 ਵਿੱਚ ਫਾਰਮ ਦੇ ਆਕਾਰ ਦੁਆਰਾ ਕੈਲੀਫੋਰਨੀਆ ਫਾਰਮਾਂ ਦੀ ਸੰਖਿਆ[9]*





ਸੁਨੌਲ ਵਿੱਚ ਸੁਨੌਲ ਐਗਰੀਕਲਚਰ ਪਾਰਕ

## 4. ਕੈਲੀਫੋਰਨੀਆ ਦੀ ਖੇਤੀਬਾੜੀ ਵਾਲੀ ਜ਼ਮੀਨ ਦੀ ਸਾਂਭ -ਸੰਭਾਲ ਕਰਨੀ ਅਤੇ ਜ਼ਮੀਨ ਤੱਕ ਸਮਾਨਤਕ ਪਹੁੰਚ ਅਤੇ ਪ੍ਰਬੰਧ ਨੂੰ ਪਹਿਲ ਦੇਣਾ।

ਕੈਲੀਫੋਰਨੀਆ ਦੀ ਖੇਤੀਬਾੜੀ ਵਾਲੀ ਜ਼ਮੀਨ ਦਾ ਆਧਾਰ ਸ਼ਹਿਰੀ ਅਤੇ ਉਦਯੋਗਿਕ ਵਿਕਾਸ ਅਤੇ ਸਦੀਆਂ ਤੋਂ ਚੱਲ ਰਹੀ ਉਪਜਾਉ ਖੇਤੀਬਾੜੀ ਦੇ ਨਕਾਰਾਤਮਕ ਪ੍ਰਭਾਵਾਂ ਦੇ ਖਤਰੇ ਵਿੱਚ ਹੈ। 1984 ਤੋਂ 2018 ਤੱਕ ਕੈਲੀਫੋਰਨੀਆ ਨੇ 1.6 ਮਿਲੀਅਨ ਏਕੜ ਤੋਂ ਵੱਧ ਖੇਤੀਬਾੜੀ ਅਤੇ ਚਰਾਂਦ-ਗਾਹ ਦੀ ਜ਼ਮੀਨ ਗਵਾਈ, ਜਿਸ ਵਿੱਚ 75% ਨੁਕਸਾਨ ਸ਼ਹਿਰੀ ਵਿਕਾਸ ਕਾਰਨ ਹੋਇਆ।[10] ਰਾਜ ਦੀ ਸਭ ਤੋਂ ਉੱਚ ਗੁਣਵੱਤਾ ਵਾਲੀ ਖੇਤੀਬਾੜੀ ਦੀ ਮਿੱਟੀ ਵਾਲੀ ਜ਼ਮੀਨ ਦਾ ਸਭ ਤੋਂ ਵੱਡਾ ਏਕੜਾਂ ਵਿੱਚ ਘਟਾਅ ਹੋਇਆ। ਸਦੀਆਂ ਤੋਂ ਚੱਲ ਰਹੀ ਉਪਜਾਉ ਖੇਤੀਬਾੜੀ ਪ੍ਰਥਾ ਨੂੰ ਹੱਲ ਕਰਨ ਦੀਆਂ ਕੋਸ਼ਿਸ਼ਾਂ ਵਿੱਚ, ਰਾਜ ਦੇ ਭੂਮੀਗਤ ਪਾਣੀ ਦੇ ਟਿਕਾਊਪਨ ਦੇ ਲਕਸ਼ਾਂ ਲਈ ਅੰਦਾਜ਼ਨ 500,000 ਤੋਂ 1 ਮਿਲੀਅਨ ਏਕੜ ਖੇਤੀਬਾੜੀ ਵਾਲੀ ਜ਼ਮੀਨ ਉਤਪਾਦਨ ਤੋਂ ਬਾਹਰ ਕੀਤੀ ਜਾ ਸਕਦੀ ਹੈ।[11]

ਇਸ ਸੰਦਰਭ ਵਿੱਚ, ਕੈਲੀਫੋਰਨੀਆ ਰਾਜ ਵਿੱਚ 2030 ਤੋਂ ਸ਼ੁਰੂ ਕਰਕੇ ਸਾਲਾਨਾ 12,000 ਏਕੜ ਖੇਤੀਬਾੜੀ ਜ਼ਮੀਨ ਅਤੇ 33,000 ਏਕੜ ਘਾਹ ਵਾਲੀ ਜ਼ਮੀਨ ਦੀ ਸੰਭਾਲ ਦਾ ਟੀਚਾ ਮੰਨਿਆ ਹੈ ਅਤੇ ਇਸ ਸਮੇਂ ਤੋਂ ਪਰੇ ਵਾਧੂ ਟੀਚੇ ਵੀ ਹਨ।[12] ਇਨ੍ਹਾਂ ਅਤੇ ਹੋਰ ਜਲਵਾਯੂ ਅਤੇ ਸੰਭਾਲ ਦੇ ਯਤਨਾ ਨੂੰ ਵਿਆਪਕ ਰਾਜ-ਵਿਆਪੀ ਰਣਨੀਤੀ ਦੁਆਰਾ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ, ਜੋ ਸਰਕਾਰੀ ਅਤੇ ਨਿੱਜੀ ਮਲਕੀਅਤ ਵਾਲੀ ਜ਼ਮੀਨ ਦੋਵਾਂ ਨੂੰ ਧਿਆਨ ਵਿੱਚ ਰੱਖੇ ਅਤੇ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਲਈ ਜ਼ਮੀਨ ਤੱਕ ਪਹੁੰਚ ਦੇ ਮੌਕਿਆਂ ਨੂੰ ਕੇਂਦਰਿਤ ਕਰਦੀ ਹੈ।

### ਸਿਫ਼ਾਰਿਸ਼ਾਂ

**4.1 ਇੱਕ ਰਾਜਵਿਆਪੀ ਖੇਤੀਬਾੜੀ ਵਾਲੀ ਜ਼ਮੀਨ ਦੀ ਸਾਂਭ-ਸੰਭਾਲ ਅਤੇ ਪ੍ਰਬੰਧਕੀ ਯੋਜਨਾ ਨੂੰ ਵਿਕਸਿਤ ਕਰਨਾ।**

**4.2 ਸਾਂਭ-ਸੰਭਾਲ ਪ੍ਰੋਗਰਾਮਾਂ ਅਤੇ ਉਪਕਰਨਾਂ ਨੂੰ ਸੁਧਾਰਨਾ ਤਾਂ ਜੋ ਜ਼ਮੀਨ ਤੱਕ ਸਮਾਨਤਕ ਪਹੁੰਚ ਅਤੇ ਪ੍ਰਬੰਧਕੀ ਨੂੰ ਯਕੀਨੀ ਬਣਾਇਆ ਜਾ ਸਕੇ।**

**4.3 ਖੇਤੀਬਾੜੀ ਵਾਲੀ ਜ਼ਮੀਨ ਦੀ ਸਾਂਭ-ਸੰਭਾਲ ਲਈ ਸਥਾਨਕ ਰਣਨੀਤੀਆਂ ਨੂੰ ਉਤਸ਼ਾਹਿਤ ਕਰਨਾ।**

**4.4 ਸਰਕਾਰੀ ਮਲਕੀਅਤ ਵਾਲੀ ਜ਼ਮੀਨ ਨੂੰ ਪ੍ਰਭਾਵਸ਼ਾਲੀ ਅਤੇ ਸਮਾਨਤਕ ਤਰੀਕੇ ਨਾਲ ਲੀਜ਼ 'ਤੇ ਦੇਣ ਲਈ ਰਾਜ ਅਤੇ ਸਥਾਨਕ ਸਰਕਾਰ ਦੀ ਸਮਰੱਥਾ ਵਧਾਉਣਾ।**



ਆਰਕਟਾ ਵਿੱਚ ਵੁੱਡੀ ਰਾਯਨੋ ਫਾਰਮਸੈ

# 5. ਜ਼ਮੀਨ ਦੇ ਸੁਰੱਖਿਅਤ ਕਬਜ਼ੇ ਨੂੰ ਪਹਿਲ ਦੇਣਾ ਅਤੇ ਸੁਰੱਖਿਅਤ ਕਰਨਾ

ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਪ੍ਰਾਪਤ ਕਰਨ ਲਈ, ਜ਼ਮੀਨ ਨਾਲ ਸਥਿਰ ਅਤੇ ਸੁਰੱਖਿਅਤ ਸੰਬੰਧ, ਸਹਾਇਕ ਨਿਯਾਮਕ ਢਾਂਚੇ, ਅਤੇ ਲੰਬੇ ਸਮੇਂ ਦੀ ਆਰਥਿਕ ਸਥਿਰਤਾ ਜ਼ਰੂਰੀ ਹਨ। ਬਹੁਤਾਤ ਮੁੱਖ ਉਤਪਾਦਕ ਅਤੇ ਕਬਾਇਲੀ ਜ਼ਮੀਨ ਦੇ ਰਖਵਾਲੇ ਛੋਟੇ ਸਮੇਂ ਵਾਲੀਆਂ ਜਾਂ ਗੈਰ-ਰਸਮੀ ਲੀਜ਼ਾਂ 'ਤੇ ਕੰਮ ਕਰਦੇ ਹਨ, ਜਿਸ ਨਾਲ ਕਿਰਾਏਦਾਰ ਜਨਤਕ ਪੂੰਜੀ ਦੇ ਪ੍ਰੋਗਰਾਮਾਂ ਤੋਂ ਅਯੋਗ ਹੋ ਸਕਦੇ ਹਨ ਅਤੇ ਪੁਨਰਜਨਮ ਕਰਨ ਵਾਲੇ ਅਭਿਆਸਾਂ ਅਤੇ ਬੁਨਿਆਦੀ ਢਾਂਚੇ ਦੇ ਸੁਧਾਰਾਂ ਨੂੰ ਰੋਕਿਆ ਜਾ ਸਕਦਾ ਹੈ। ਬੋਝ ਪਾਉਣ ਵਾਲੇ ਨਿਯਮ, ਸੀਮਿਤ ਜ਼ੋਨਿੰਗ ਕੋਡ, ਅਤੇ ਰਿਹਾਇਸ਼ ਦੀਆਂ ਰੁਕਾਵਟਾਂ ਵੀ ਸੁਰੱਖਿਅਤ ਕਾਰਜਕਾਲ ਅਤੇ ਖੇਤੀਬਾੜੀ ਦੇ ਕਾਰੋਬਾਰਾਂ ਨੂੰ ਜਾਰੀ ਰੱਖਣ ਵਿੱਚ ਮਹੱਤਵਪੂਰਨ ਚੁਣੌਤੀਆਂ ਪੈਦਾ ਕਰਦੀਆਂ ਹਨ।

ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਨਿਰਪੱਖ ਲੀਜ਼ ਦੇ ਢਾਂਚੇ, ਉਚਿਤ ਤਰੀਕੇ ਨਾਲ ਬਣਾਏ ਗਏ ਨਿਯਮ, ਲਚਕੀਲੀ ਜ਼ੋਨਿੰਗ ਅਤੇ ਰਿਹਾਇਸ਼ ਸੰਬੰਧੀ ਨੀਤੀਆਂ, ਅਤੇ ਤਕਨੀਕੀ ਸਹਾਇਤਾ ਦੀ ਲੋੜ ਹੈ ਤਾਂ ਜੋ ਲੰਬੇ ਸਮੇਂ ਦੀ ਸਥਿਰਤਾ ਅਤੇ ਪ੍ਰਬੰਧਕੀ ਨੂੰ ਯਕੀਨੀ ਬਣਾਇਆ ਜਾ ਸਕੇ।

## ਸਿਫ਼ਾਰਿਸ਼ਾਂ

**5.1 ਜ਼ਮੀਨ ਦੇ ਮਾਲਕ-ਕਿਰਾਏਦਾਰ ਸੰਬੰਧਾਂ ਵਿੱਚ ਤਾਕਤ ਦੇ ਅਸੰਤੁਲਨ ਨੂੰ ਦੂਰ ਕਰਨਾ।**

**5.2 ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਫੂਡ ਐਂਡ ਐਗਰੀਕਲਚਰ (CDFA) ਦੇ ਫਾਰਮਰ ਐਕੁਵਿਟੀ ਆਫਿਸ ਦੀ ਸਮਰੱਥਾ ਵਧਾਉਣਾ।**

**5.3 ਖੇਤੀਬਾੜੀ ਖੇਤਰ ਲਈ ਖੇਤਰੀ ਐਗਰੀਕਲਚਰ ਓਮਬਡਸਮੈਨ ਪਦ ਸਥਾਪਿਤ ਅਤੇ ਫੰਡ ਕਰਨਾ।**

**5.4 ਕਾਨੂੰਨ ਦੇ ਉਦੇਸ਼ ਦਾ ਸਤਿਕਾਰ ਕਰਦੇ ਹੋਏ ਸਮਾਨਤਕ ਨੀਤੀ ਦੇ ਨਤੀਜਿਆਂ ਨੂੰ ਸੰਬੋਧਨ ਕਰਨਾ।**

**5.5 ਸਥਾਨਕ ਸਰਕਾਰਾਂ ਨੂੰ ਜ਼ਮੀਨ ਦੇ ਕਾਰਜਕਾਲ ਅਤੇ ਪ੍ਰਬੰਧਕੀ ਨੂੰ ਯਕੀਨੀ ਬਣਾਉਣ ਵਾਲੇ ਜ਼ੋਨਿੰਗ ਅਤੇ ਜਮੀਨ ਵਰਤੋ ਦੀ ਯੋਜਨਾ ਦੇ ਅਭਿਆਸ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਅਤੇ ਸਹਾਇਤਾ ਦੇਣਾ।**




ਫ੍ਰੈਜ਼ਨੋ ਵਿੱਚ ਯੋ'ਵਿਲ ਕਮਿਊਨਿਟੀ ਗਾਰਡਨ ਐਂਡ ਫਾਰਮੈ

# 6. ਸ਼ਹਿਰੀ ਖੇਤੀਬਾੜੀ ਦਾ ਸਮਰਥਨ ਕਰਨਾ

ਕੈਲੀਫੋਰਨੀਆ ਦੇ ਸ਼ਹਿਰ ਅਤੇ ਉਪਨਗਰ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਨੂੰ ਅੱਗੇ ਵਧਾਉਣ ਵਿੱਚ ਵਿਲੱਖਣ ਚੁਣੌਤੀਆਂ ਅਤੇ ਮੌਕੇ ਪੈਦਾ ਕਰਦੇ ਹਨ। ਸ਼ਹਿਰੀ ਖੇਤੀਬਾੜੀ ਫਾਇਦੇ ਪ੍ਰਦਾਨ ਕਰਦੀ ਹੈ, ਜਿਵੇਂ ਕਿ ਪੌਸ਼ਟਿਕ ਭੋਜਨ ਤੱਕ ਪਹਿਲਾ ਨਾਲੋ ਵਧੀਆ ਬਣਾਈ ਗਈ ਪਹੁੰਚ, ਭਾਈਚਾਰਕ ਸ਼ਮੂਲੀਅਤ,ਕਰਮਚਾਰੀ ਵਿਕਾਸ ਅਤੇ ਵਧੇਰੇ ਹਰੇ ਭਰੇ ਖੇਤਰ। ਸ਼ਹਿਰੀ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਨੂੰ ਆਪਣੇ ਗਾਹਕਾਂ ਅਤੇ ਉਨ੍ਹਾਂ ਭਾਈਚਾਰਿਆਂ ਦੇ ਨੇੜੇ ਕੰਮ ਕਰਕੇ, ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ, ਇਨ੍ਹਾਂ ਮੌਕਿਆਂ ਤੋਂ  ਫਾਇਦਾ ਪਹੁੰਚਦਾ ਹੈ।

ਇਨ੍ਹਾਂ ਫਾਇਦਿਆਂ ਦੇ ਬਾਵਜੂਦ, ਸ਼ਹਿਰੀ ਖੇਤੀਬਾੜੀ ਵਿੱਚ ਕਈ ਰੁਕਾਵਟਾਂ ਹਨ, ਜਿਵੇਂ ਕਿ ਪੂੰਜੀ ਵਾਲੇ ਪ੍ਰੋਗਰਾਮਾਂ ਤੋਂ ਬਾਹਰ ਰਹਿਣਾ, ਪਾਣੀ ਦੇ ਵਾਧੂ ਖਰਚੇ, ਅਤੇ ਸੀਮਿਤ ਕਰਨ ਵਾਲੀ ਜ਼ੋਨਿੰਗ ਨਵੇਂ ਸ਼ੁਰੂ ਕੀਤੇ ਪਹੁੰਚ ਪ੍ਰੋਗਰਾਮ, ਜਿਵੇਂ ਕਿ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਫੂਡ ਐਂਡ ਐਗਰੀਕਲਚਰ (CDFA) ਦਾ ਸ਼ਹਿਰੀ ਖੇਤੀਬਾੜੀ ਗ੍ਰਾਂਟ ਪ੍ਰੋਗਰਾਮ ਅਤੇ 2024 ਜਲਵਾਯੂ ਬਾਂਡ (ਪ੍ਰਸਤਾਵ 4), ਇਸ ਲਈ ਲੋੜੀਦੀ ਪੂੰਜੀ ਪ੍ਰਦਾਨ ਕਰਦੇ ਹਨ। ਆਰਥਕ ਸਹਾਇਤਾ ਤੋਂ ਇਲਾਵਾ, ਪ੍ਰਣਾਲੀਗਤ ਬਦਲਾਅ ਦੀ ਲੋੜ ਹੈ ਤਾਂ ਕਿ ਸ਼ਹਿਰੀ ਖੇਤੀਬਾੜੀ ਨੂੰ ਯੋਜਨਾ ਵਿੱਚ ਸ਼ਾਮਲ ਕੀਤਾ ਜਾ ਸਕੇ, ਨਿਯਾਮਕ ਰੁਕਾਵਟਾਂ ਨੂੰ ਘਟਾਇਆ ਜਾ ਸਕੇ, ਅਤੇ ਸ਼ਹਿਰੀ ਉਤਪਾਦਕਾਂ ਲਈ ਸਮਾਨਤਕ ਪਹੁੰਚ ਅਤੇ ਸੁਰੱਖਿਅਤ ਕਾਰਜਕਾਲ ਨੂੰ ਯਕੀਨੀ ਬਣਾਇਆ ਜਾ ਸਕੇ

## ਸਿਫ਼ਾਰਿਸ਼ਾਂ

**6.1 ਮੌਜੂਦਾ ਪ੍ਰੋਗਰਾਮਾਂ ਵਿੱਚ ਸ਼ਹਿਰੀ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਦੀ ਯੋਗਤਾ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਲਈ ਵਿਸ਼ੇਸ਼ ਵਿੱਤੀ ਸਹਾਇਤਾ ਪ੍ਰਦਾਨ ਕਰਨਾ।**

**6.2 ਸ਼ਹਿਰੀ ਖੇਤੀਬਾੜੀ ਵਾਲੀ ਜ਼ਮੀਨ ਉਪਲਬਧ ਕਰਵਾਉਣਾ ਅਤੇ ਸੁਰੱਖਿਅਤ ਕਬਜ਼ੇ ਸੰਬੰਧੀ ਰੁਕਾਵਟਾਂ ਨੂੰ ਦੂਰ ਕਰਨਾ।**



*ਸੈਕਰਾਮੈਂਟੋ ਵਿੱਚ 13 ਵਿੱਚੋਂ ਗਿਆਰਾਂ ਕਾਰਜਕਾਰੀ ਦਲ ਮੈਂਬਰ*

# ਅੱਗਲੇ ਪੜ੍ਹਾਅ: ਲਾਗੂਕਰਨ ਅਤੇ ਮੁਲਾਂਕਣ

ਕੈਲੀਫੋਰਨੀਆ ਦੀ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਕਾਰਜਕਾਰੀ ਦਲ ਦੀ ਰਿਪੋਰਟ ਵਿੱਚ ਦਿੱਤੇ ਸੰਦਰਭ, ਕਹਾਣੀਆਂ, ਅਤੇ ਸਿਫ਼ਾਰਿਸ਼ਾਂ ਭਵਿੱਖੀ ਕਾਰਵਾਈ ਲਈ ਅਧਾਰ ਤਿਆਰ ਕਰਦੀਆਂ ਹਨ। ਬਹੁਤਾਤ ਮਾਮਲਿਆਂ ਵਿੱਚ, ਇਹ ਸਿਫ਼ਾਰਿਸ਼ਾਂ ਲਾਗੂ ਕਰਨ ਦਾ ਸਭ ਤੋਂ ਤੇਜ਼ ਅਤੇ ਪ੍ਰਭਾਵਸ਼ਾਲੀ ਤਰੀਕਾ ਵਿਧਾਨ ਸਭਾ ਰਾਹੀਂ ਹੋਵੇਗਾ। ਵਿਧਾਨ ਸਭਾ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਵੱਲੋਂ ਖੇਤੀਬਾੜੀ ਵਾਲੀ ਜ਼ਮੀਨ ਦੀ ਪ੍ਰਬੰਧਕੀ ਦਾ ਸਮਰਥਨ ਇਸ ਕਾਨੂੰਨ (ਵਿਧਾਨ) ਦਾ ਮੁੱਖ ਉਦੇਸ਼ ਹੈ। ਇਹ ਪੱਕਾ ਕਰਨ ਲਈ ਕਿ ਸਾਰੇ ਲਾਗੂ ਹੋਣ ਵਾਲੇ ਕਾਨੂੰਨਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ, ਕਾਨੂੰਨੀ ਸਲਾਹ ਲੈਣਾ ਜ਼ਰੂਰੀ ਹੋਵੇਗਾ।

ਇਨ੍ਹਾਂ ਸਿਫ਼ਾਰਿਸ਼ਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਕਸਿਤ ਅਤੇ ਲਾਗੂ ਕਰਨ ਲਈ ਮੁੱਖ ਉਤਪਾਦਕਾਂ ਅਤੇ ਕਬਾਇਲੀ ਜ਼ਮੀਨ ਦੇ ਰਖਵਾਲਿਆਂ ਨੂੰ ਕੇਂਦਰ ਵਿੱਚ ਰੱਖਣਾ, ਅਤੇ ਸਭਿਆਚਾਰਕ ਨਿਮਰਤਾ, ਸਮਰੱਥਾ ਦਾ ਵਿਕਾਸ, ਅਤੇ ਲਚਕੀਲੀ ਪ੍ਰਕਿਰਿਆਵਾਂ ਨੂੰ ਪਹਿਲ ਦੇਣੀ ਜ਼ਰੂਰੀ ਹੈ। ਉੱਚ-ਮਿਆਰੀ ਮੁਲਾਂਕਣ ਕਰਨ ਵਾਲੇ ਢਾਂਚੇ ਨੂੰ ਵਿਕਸਤ ਕਰਨਾ ਚਾਹੀਦਾ ਹੈ, ਜਿਸ ਵਿੱਚ ਉਦੇਸ਼, ਮਾਪਦੰਡ, ਅਤੇ ਸਮਾਂ ਸੂਚੀ ਸ਼ਾਮਲ ਹੋਣ, ਤਾਂ ਜੋ ਤਰੱਕੀ ਨੂੰ ਮਾਪਿਆ ਜਾ ਸਕੇ ਅਤੇ ਲੰਬੇ ਸਮੇਂ ਲਈ ਪ੍ਰਭਾਵ ਯਕੀਨੀ ਬਣਾਇਆ ਜਾ ਸਕੇ।

ਜਦੋਂ ਕਿ ਗਵਰਨਰ ਅਤੇ ਵਿਧਾਨ ਸਭਾ ਇਸ ਰਿਪੋਰਟ ਦੇ ਮੁੱਖ ਦਰਸ਼ਕ ਹਨ, ਇਸ ਦੀਆਂ ਨੀਤੀ ਸੰਬੰਧੀ ਸਿਫ਼ਾਰਿਸ਼ਾਂ ਨੂੰ ਲਾਗੂ ਕਰਨ ਲਈ ਕੈਲੀਫੋਰਨੀਆ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਦੇ ਸੰਕਟ ਨੂੰ ਹੱਲ ਕਰਨ ਵਾਲੇ ਹਰ ਵਿਅਕਤੀ ਵੱਲੋਂ ਤਾਲਮੇਲ ਵਾਲੀ ਵਕਾਲਤ, ਸਮਰਪਣ ਅਤੇ ਨਿਵੇਸ਼ ਦੀ ਲੋੜ ਹੈ।

ਕਿਰਪਾ ਕਰਕੇ ਪੂਰੀ ਰਿਪੋਰਟ ਦੀ ਜਾਂਚ ਕਰੋ ਤਾਂ ਜੋ ਪਛਾਣੀਆਂ ਗਈਆਂ ਚੁਨੌਤੀਆਂ ਅਤੇ ਪ੍ਰਸਤਾਵਿਤ ਹੱਲਾਂ ਬਾਰੇ ਹੋਰ ਸੰਦਰਭ ਅਤੇ ਵੇਰਵਾ ਮਿਲ ਸਕੇ ਜੋ ਖੇਤੀਬਾੜੀ ਵਾਲੀ ਜ਼ਮੀਨ ਲਈ ਸਮਾਨਤਾ ਨੂੰ ਅੱਗੇ ਵਧਾਉਣ ਲਈ ਦਿੱਤੇ ਗਏ ਹਨ।

# ਅੰਤਮ ਨੋਟਸ


1 Johnston-Dodds, Kimberly. (2002). "Early California laws and policies related to California Indians." California Research Bureau. Last accessed Feb. 3, 2026 from https://courts.ca.gov/publication/california-research-bureau-early-california-laws-and-policies-related-california

2 Hunter, M., A. Sorensen, T. Nogeire-McRae, S. Beck, S. Shutts, R. Murphy. (2022). "Farms under threat 2040: Choosing an abundant future." American Farmland Trust. Last accessed Mar. 16, 2026 from https://farmlandinfo.org/publications/farms-under-threat-2040/

3 Last accessed Oct. 2, 2025 from https://www.nass.usda.gov/" with: Last accessed Mar. 13, 2026 from https://www.nass.usda.gov/Publications/AgCensus/2022/Online_Resources/County_Profiles/California/

4 "Land values 2022 summary." (2022). U.S. Department of Agriculture. National Agricultural Statistics Service. Last accessed Oct. 2, 2025 from https://www.nass.usda.gov/Publications/Todays_Reports/reports/land0822.pdf

5 U.S. Department of Agriculture. (2024). "2022 Census of Agriculture: California state and county data." National Agricultural Statistics Service. Last accessed Mar. 16, 2026 from https://www.nass.usda.gov/Publications/AgCensus/2022/Full_Report/Census_by_State/California/

6 Macaulay, Luke and Van Butsic. (2017). "Ownership characteristics and crop selection in California cropland." California Agriculture 71(4), pp. 221–230. https://doi.org/10.3733/ca.2017a0041

7 O'Connor, Teresa. (2024). "What the 2022 Census of Agriculture confirms about California." American Farmland Trust. Last accessed Oct. 2, 2025 from https://farmland.org/2022-census-of-agriculture-california/"

8 Macaulay, Luke and Van Butsic. (2017). "Ownership characteristics and crop selection in California cropland." California Agriculture 71(4), pp. 221–230. https://doi.org/10.3733/ca.2017a0041

9 O'Connor, Teresa. (2024). "What the 2022 Census of Agriculture confirms about California." American Farmland Trust. Last accessed Oct. 2, 2025 from https://farmland.org/2022-census-of-agriculture-california/

10 "Fast facts." (n.d.). California Department of Conservation. Last accessed Oct. 2, 2025 from https://www.conservation.ca.gov/dlrp/fmmp/Pages/Fast-Facts.aspx

11 Sunding, David and Roland-Holst. (2020). "Water blueprint for the San Joaquin Valley economic impact analysis: Phase one results." The University of California, Berkeley. Last accessed Mar. 16,2026 from https://cawaterlibrary.net/document/water-blueprint-for-the-san-joaquin-valley-economic-impact-analysis-phase-one-results/

12 "California's nature-based solutions climate targets." (2024). Nature-Based Climate Solutions. Last accessed Mar. 16, 2026 from https://resources.ca.gov/initiatives/expanding-nature-based-solutions



ਕੋਚੈਲਾ ਵਿੱਚ ਟੋਮਾਲਪਾਖ ਫਾਰਮੈ

**ਕਾਰਜਕਾਰੀ ਦਲ ਬਾਰੇ ਹੋਰ ਜਾਣਕਾਰੀ ਅਤੇ ਮੈਂਬਰਾਂ ਦੇ ਬਾਯੋਜ਼ ਇੱਥੇ ਉਪਲੱਬਧ ਹਨ: sgc.ca.gov/initiatives/alei**

*ਟਾਸਕ ਫੋਰਸ ਦਾ ਪ੍ਰਸ਼ਾਸਨ ਕੈਲੀਫੋਰਨੀਆ ਸਟ੍ਰੈਟਜਿਕ ਗਰੋਥ ਕੌਂਸਲ (SGC) ਵੱਲੋਂ ਕੀਤਾ ਗਿਆ, ਪਰ ਇਹ ਸੁਤੰਤਰ ਤੌਰ ‘ਤੇ ਕੰਮ ਕਰਦੀ ਸੀ ਅਤੇ ਆਪਣੀ ਰਿਪੋਰਟ ਦੀ ਸਮੱਗਰੀ ਉੱਤੇ ਅੰਤਿਮ ਫੈਸਲਾ ਕਰਨ ਦਾ ਅਧਿਕਾਰ ਰੱਖਦੀ ਸੀ। ਰਿਪੋਰਟ ਵਿੱਚ ਪ੍ਰਗਟ ਕੀਤੇ ਗਏ ਵਿਚਾਰ ਅਤੇ ਸਿਫ਼ਾਰਿਸ਼ਾਂ ਟਾਸਕ ਫੋਰਸ ਦੇ ਹਨ ਅਤੇ ਇਹ ਜ਼ਰੂਰੀ ਨਹੀਂ ਕਿ SGC ਜਾਂ ਗਵਰਨਰ ਦੇ ਜ਼ਮੀਨ ਦੀ ਵਰਤੋਂ ਅਤੇ ਜਲਵਾਯੂ ਨਵੀਨਤਾ ਦੇ ਦਫ਼ਤਰ ਦੇ ਵਿਚਾਰਾਂ ਨੂੰ ਦਰਸਾਉਂਦੀਆਂ ਹੋਣ।*